ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dgsecoordination@punjabeducation.gov.in)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ. 299686/DPISE-Cord/12/2025 109047
ਮਿਤੀ: 24-05-2025

ਵਿਸ਼ਾ:- ਪੰਜਾਬ ਸਰਕਾਰ ਦੇ ਸਰਕਾਰੀ ਵਿਭਾਗਾਂ ਤੋਂ ਬੋਰਡ/ਕਾਰਪੋਰੇਸ਼ਨ ਆਦਿ ਵਿੱਚ ਨਿਯੁਕਤੀ ਹੋਣ ਉਪਰੰਤ ਪੇਅ ਪ੍ਰੋਟੈਕਸ਼ਨ ਨਾ ਹੋਣ ਸਬੰਧੀ ਸਪਸ਼ਟੀਕਰਨ।

ਹਵਾਲਾ:- ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਦਾ ਪੱਤਰ ਨੰ. FD-FP-206 (PYFG)/6/2025-1FP2/1074829 ਮਿਤੀ 12.04.2025.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: ਉਕਤ ਅਨੁਸਾਰ

24.04.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ. ਨੰ. ਉਕਤ/2025/109048-050 ਮਿਤੀ 24-04-2025

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡੀ.ਐਸ.ਈ. (ਸੈ/ਐ), ਪੰਜਾਬ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡੀ.ਜੀ.ਐਸ.ਈ. ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਐਸ.ਸੀ.ਈ.ਆਰ.ਟੀ. ਪੰਜਾਬ।

24.04.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-2 ਸ਼ਾਖਾ)

ਮਿਤੀ, ਚੰਡੀਗੜ: 11.04.2025

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲਾ ਅਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿੱਚ।

ਵਿਸ਼ਾ:- ਪੰਜਾਬ ਸਰਕਾਰ ਦੇ ਸਰਕਾਰੀ ਵਿਭਾਗਾਂ ਤੋਂ ਬੋਰਡ/ਕਾਰਪੋਰੇਸ਼ਨ ਆਦਿ ਵਿਚ ਨਿਯੁਕਤੀ ਹੋਣ ਉਪਰੰਤ ਪੇਅ ਪ੍ਰੋਟੈਕਸ਼ਨ ਨਾ ਹੋਣ ਸਬੰਧੀ ਸਪਸ਼ਟੀਕਰਨ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤ ਵਿਭਾਗ ਵਲੋਂ ਹਦਾਇਤਾਂ ਨੰ 6/20/2017-1FP2/734 ਮਿਤੀ 7-11-2017 ਅਤੇ ਗਜ਼ਟ ਨੋਟੀਫਿਕੇਸ਼ਨ No. G.S.R. 18/Const./Art.309 and 187/Amd.(2)/2019 ਮਿਤੀ 28 ਮਾਰਚ, 2019 ਅਨੁਸਾਰ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1, ਭਾਗ-I ਦੇ ਨਿਯਮ 4.4(b) ਅਤੇ 4.4(c) ਨੂੰ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ 6/94/02-4FPII/9093 ਮਿਤੀ 22-11-2005 ਦੀ ਰੋਸ਼ਨੀ ਵਿਚ ਸੋਧਦੇ ਹੋਏ ਇਹ ਫੈਸਲਾ ਕੀਤਾ ਗਿਆ ਸੀ ਕਿ ਬੋਰਡ/ਕਾਰਪੋਰੇਸ਼ਨ ਆਦਿ ਦੇ ਕਰਮਚਾਰੀਆਂ ਦੇ ਪੰਜਾਬ ਸਰਕਾਰ ਵਿਚ ਨਿਯੁਕਤ ਹੋਣ ਵਾਲੇ ਕਰਮਚਾਰੀਆਂ ਦੀ ਤਨਖਾਹ ਪ੍ਰੋਟੈਕਟ ਨਹੀਂ ਕੀਤੀ ਜਾਵੇਗੀ।

2 ਜੇਕਰ ਕਿਸੇ ਕਰਮਚਾਰੀ ਵੱਲੋਂ ਬੋਰਡ/ਕਾਰਪੋਰੇਸ਼ਨਾਂ/ਲੋਕ ਖੇਤਰੀ ਅਦਾਰੇ ਆਦਿ ਤੋਂ ਕਿਸੇ ਹੋਰ ਬੋਰਡ/ਕਾਰਪੋਰੇਸ਼ਨਾਂ/ਲੋਕ ਖੇਤਰੀ ਅਦਾਰੇ ਆਦਿ ਵਿਚ ਜੁਆਇੰਨ ਕੀਤਾ ਜਾਂਦਾ ਹੈ ਜਾਂ ਸਰਕਾਰੀ ਵਿਭਾਗਾਂ ਤੋਂ ਕਿਸੇ ਬੋਰਡ/ਕਾਰਪੋਰੇਸ਼ਨਾਂ/ਲੋਕ ਖੇਤਰੀ ਅਦਾਰੇ ਆਦਿ ਵਿਚ ਜੁਆਇੰਨ ਕੀਤਾ ਜਾਂਦਾ ਹੈ, ਇਸ ਸਬੰਧੀ ਵੱਖ-ਵੱਖ ਵਿਭਾਗਾਂ ਅਤੇ ਬੋਰਡ/ਕਾਰਪੋਰੇਸ਼ਨਾਂ/ਲੋਕ ਖੇਤਰੀ ਅਦਾਰੇ



CamScanner

ਵੱਲੋਂ ਪੇਅ ਪ੍ਰੋਟੈਕਸ਼ਨ ਸਬੰਧੀ ਸਪਸ਼ਟੀਕਰਨ ਮੰਗੇ ਜਾ ਰਹੇ ਸਨ। ਇਸ ਲਈ ਇਸ ਮਾਮਲੇ ਸਬੰਧੀ ਪੰਜਾਬ ਸਰਕਾਰ ਵੱਲੋਂ ਹੁਣ ਹੇਠ ਅਨੁਸਾਰ ਸਪਸ਼ਟੀਕਰਨ ਦੇਣ ਦਾ ਫੈਸਲਾ ਲਿਆ ਗਿਆ ਹੈ:-

a) ਇਕ ਬੋਰਡ/ਕਾਰਪੋਰੇਸ਼ਨਾਂ/ਲੋਕ ਖੇਤਰੀ ਅਦਾਰੇ ਆਦਿ ਤੋਂ technical resignation ਦੇ ਕੇ through proper channel ਕਿਸੇ ਹੋਰ ਬੋਰਡ/ਕਾਰਪੋਰੇਸ਼ਨਾਂ/ਲੋਕ ਖੇਤਰੀ ਅਦਾਰੇ ਆਦਿ ਵਿਚ ਬਤੌਰ ਨਵੀਂ ਨਿਯੁਕਤੀ ਜੁਆਇੰਨ ਕਰਨ ਤੇ ਕਰਮਚਾਰੀਆਂ ਵਲੋਂ ਪਹਿਲਾਂ ਪ੍ਰਾਪਤ ਕੀਤੀ ਜਾ ਰਹੀ ਤਨਖਾਹ ਪ੍ਰੋਟੈਕਟ ਨਹੀਂ ਕੀਤੀ ਜਾਵੇਗੀ ਪ੍ਰੰਤੂ ਜੇਕਰ ਉਸ ਅਦਾਰੇ (ਜਿਸ ਵਿਚ ਕਰਮਚਾਰੀ ਬਾਅਦ ਵਿਚ ਨਿਯੁਕਤ ਹੁੰਦਾ ਹੈ) ਦੇ ਨਿਯਮਾਂ ਵਿਚ ਅਜਿਹਾ ਭਾਵ ਪੇਅ ਪ੍ਰੋਟੈਕਸ਼ਨ ਦਾ ਪਹਿਲਾਂ ਹੀ ਕੋਈ ਉਪਬੰਧ ਹੋਵੇ ਤਾ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

b) ਇਸੇ ਤਰ੍ਹਾਂ ਸਰਕਾਰੀ ਵਿਭਾਗਾਂ ਤੋਂ technical resignation ਦੇ ਕੇ ਕਰਮਚਾਰੀ ਵਲੋਂ through proper channel ਹੋਰ ਬੋਰਡ/ਕਾਰਪੋਰੇਸ਼ਨਾਂ/ਲੋਕ ਖੇਤਰੀ ਅਦਾਰੇ ਵਿੱਚ ਬਤੌਰ ਨਵੀਂ ਨਿਯੁਕਤੀ ਜੁਆਇੰਨ ਕਰ ਲਿਆ ਜਾਂਦਾ ਹੈ ਤਾਂ ਉਸਦੀ ਪਿਛਲੀ ਤਨਖਾਹ ਪ੍ਰੋਟੈਕਟ ਨਹੀਂ ਕੀਤੀ ਜਾਵੇਗੀ ਪ੍ਰੰਤੂ ਜੇਕਰ ਉਸ ਅਦਾਰੇ (ਜਿਸ ਵਿਚ ਕਰਮਚਾਰੀ ਬਾਅਦ ਵਿਚ ਨਿਯੁਕਤ ਹੁੰਦਾ ਹੈ) ਦੇ ਨਿਯਮਾਂ ਵਿੱਚ ਅਜਿਹਾ ਭਾਵ ਪੇਅ ਪ੍ਰੋਟੈਕਸ਼ਨ ਦਾ ਪਹਿਲਾਂ ਹੀ ਕੋਈ ਉਪਬੰਧ ਹੋਵੇ ਤਾਂ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

3 ਇਹ ਹਦਾਇਤਾਂ ਮਿਤੀ 31.01.2016 ਤੋਂ ਲਾਗੂ ਹੋਣਗੀਆਂ।

ਵਿਸ਼ਵਾਸ ਪਾਤਰ

ਸਰੋਜ

(ਸਰੋਜ)

ਅਧੀਨ ਸਕੱਤਰ, ਵਿੱਤ

12.04.2025

No. FD-FP-206(PYFG)/6/2025-1FP2/I/1074829/2025 ਮਿਤੀ: 11.04.2025

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ,
2. ਸਮੂਹ ਵਿੱਤੀ ਕਮਿਸ਼ਨਰਜ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ,
3. ਸਥਾਨਕ ਵਿੱਤ ਕਮਿਸ਼ਨਰ, ਪੰਜਾਬ ਭਵਨ, Copernicus Marg, ਨਵੀਂ ਦਿੱਲੀ

ਸਰੋਜ

ਅਧੀਨ ਸਕੱਤਰ, ਵਿੱਤ

12.04.2025



CamScanner